# Official Spokesperson's response to media queries on the recently released WHO-convened global study on the origin of Covid-19

April 01, 2021

.................................................................................................

## COVID - 19 ਦੀ ਸ਼ੁਰੂਆਤ  ਬਾਰੇ ਆਲਮੀ ਸਿਹਤ ਸੰਸਥਾ (WHO) ਵੱਲੋਂ ਜਾਰੀ ਹੋਏ ਆਲਮੀ ਅਧਿਐਨ 'ਤੇ ਮੀਡੀਆ ਦੇ ਪ੍ਰਸ਼ਨਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

**1 ਅਪ੍ਰੈਲ, 2021**

COVID - 19  ਦੀ ਸ਼ੁਰੂਆਤ ਬਾਰੇ ਆਲਮੀ ਸਿਹਤ ਸੰਸਥਾ (WHO) ਵੱਲੋਂ ਜਾਰੀ ਹੋਏ ਆਲਮੀ ਅਧਿਐਨ 'ਤੇ ਮੀਡੀਆ ਦੇ ਪ੍ਰਸ਼ਨਾਂ ਦਾ ਜਵਾਬ ਦਿੰਦੇ ਹੋਏ ਅਧਿਕਾਰਤ ਬੁਲਾਰੇ ਨੇ ਕਿਹਾ:

1. "ਅਸੀਂ COVID - 19 ਦੀ ਸ਼ੁਰੂਆਤ ਬਾਰੇ ਹਾਲ ਵਿੱਚ ਹੀ ਆਲਮੀ ਸਿਹਤ ਸੰਸਥਾ ਵਲੋਂ ਜਾਰੀ ਕੀਤਾ ਗਿਆ ਆਲਮੀ ਅਧਿਐਨ ਪੜ੍ਹਿਆ ਹੈ।

2. ਇਹ ਰਿਪੋਰਟ COVID  -19 ਮਹਾਂਮਾਰੀ ਦੀ ਸ਼ੁਰੂਆਤ ਦੀ ਥਾਂ ਨਿਰਧਾਰਤ ਕਰਨ ਦੀ ਦਿਸ਼ਾ ਵੱਲ ਮਹੱਤਵਪੂਰਨ ਕਦਮ ਹੈ। ਇਸ ਵਿੱਚ ਇਸ ਬੀਮਾਰੀ ਦੇ ਫੈਲਣ ਦੇ ਚਾਰ ਮਾਰਗ ਸੂਚੀਬੱਧ ਕੀਤੇ ਗਏ ਹਨ ਪਰ ਇਸ ਅੰਦਰ ਸਾਰੇ ਖੇਤਰ ਵਿੱਚ ਅਗਲੇ ਪੜਾਅ ਦੇ ਅਧਿਐਨ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ । ਰਿਪੋਰਟ ਵਿੱਚ ਵਧੇਰੇ ਅੰਕੜਿਆਂ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਤਾਂ ਜੋ ਮਜ਼ਬੂਤ ਸਿੱਟੇ ਕੱਢੇ ਜਾ ਸਕਣ।

3. ਇਹ ਗੱਲ ਇਥੇ ਪ੍ਰਸੰਗਿਕ ਹੈ ਕਿ WHO ਦੇ ਡਾਇਰੈਕਟਰ ਜਨਰਲ ਨੇ ਅਧਿਐਨ ਕਰਨ ਵਾਲੀ ਟੀਮ ਨੂੰ ਅੰਕੜੇ ਮਿਲਣ ਵਿੱਚ ਹੋਈ ਦੇਰੀ ਅਤੇ ਪੇਸ਼ ਆਈਆਂ ਮੁਸ਼ਕਲਾਂ ਦਾ ਮੁੱਦਾ ਵੱਖਰੇ ਤੌਰ 'ਤੇ ਚੁੱਕਿਆ ਹੈ। ਅਸੀਂ ਡਾਇਰੈਕਟਰ ਜਨਰਲ ਦੀ ਇਸ ਆਸ ਦੀ ਪੂਰੀ ਹਮਾਇਤ ਕਰਦੇ ਹਾਂ ਕਿ ਭਵਿੱਖ ਦੇ ਸਹਿਯੋਗੀ ਅਧਿਐਨਾਂ ਵਿੱਚ ਵਧੇਰੇ ਸਮੇਂ ਸਿਰ ਅਤੇ ਵਿਆਪਕ ਅੰਕੜੇ ਸਾਂਝੇ ਕੀਤੇ ਜਾਣਗੇ।  ਇਸ ਸਬੰਧ ਵਿਚ ਅਸੀਂ ਹੋਰ ਮਿਸ਼ਨ ਤਾਇਨਾਤ ਕਰਨ ਲਈ ਉਨ੍ਹਾਂ ਦੇ ਤਤਪਰ ਹੋਣ ਦਾ ਵੀ ਸਵਾਗਤ ਕਰਦੇ ਹਾਂ।

4. ਅਸੀਂ ਦੂਸਰੇ ਹਿੱਸੇਦਾਰਾਂ ਦੀਆਂ ਇਨ੍ਹਾਂ ਆਸਾਂ ਨਾਲ ਹਿਮਾਇਤ ਪ੍ਰਗਟਾਉਣੇ ਹਾਂ, ਜਿਨ੍ਹਾਂ ਨੇ ਕਿਹਾ ਹੈ ਕਿ ਇਸ ਗੰਭੀਰ ਮਸਲੇ 'ਤੇ WHO ਵੱਲੋਂ ਪਹਿਲੇ ਮਨੁੱਖੀ ਮਾਮਲਿਆਂ ਅਤੇ ਕਲਸਟਰਾਂ ਬਾਰੇ ਰਿਪੋਰਟ ਜਾਂ ਵਧੇਰੇ ਅਧਿਐਨਾਂ ਨੂੰ ਸਾਰੇ ਸਬੰਧਤ ਲੋਕਾਂ ਦਾ ਪੂਰਾ ਸਹਿਯੋਗ ਮਿਲੇਗਾ।

5. ਅਸੀਂ ਵੀ ਸਾਰੇ ਹਿੱਸੇਦਾਰਾਂ ਦੇ ਸਹਿਯੋਗ ਨਾਲ COVID - 19 ਦੇ ਸ਼ੁਰੂ ਹੋਣ ਬਾਰੇ ਤੇਜ਼ੀ ਨਾਲ ਪੜਤਾਲ ਕਰਨ ਲਈ ਵਿਆਪਕ ਅਤੇ ਮਾਹਰਾਂ ਦੀ ਅਗਵਾਈ ਵਾਲੇ ਤੰਤਰ ਦੀ ਲੋੜ ਮਹਿਸੂਸ ਕਰਦੇ ਹਾਂ। ਅਸੀਂ ਆਲਮੀ ਸਿਹਤ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਆਲਮੀ ਸਿਹਤ ਸੰਸਥਾ (WHO) ਨਾਲ ਮਿਲਕੇ ਕੰਮ ਕਰਦੇ ਰਹਾਂਗੇ ਤਾਂ ਜੋ

ਮੌਜੂਦਾ ਰਿਪੋਰਟ ਅਤੇ ਹੋਰ ਅਧਿਐਨ ਨਾਲ ਪ੍ਰੋਟੋਕੋਲ ਅਤੇ ਅਜਿਹੇ ਗਿਆਨ ਅਧਾਰ ਅਤੇ ਮਹਾਰਤ ਵਿਕਸਿਤ ਕਰਨ ਲਈ ਮਹੱਤਵਪੂਰਣ ਜਾਣਕਾਰੀ ਮਿਲ ਸਕੇ, ਜਿਸ ਸਦਕਾ ਜੀਨੋਮਿਕ ਸਰਵੇਲੈਂਸ ਸੁਖਾਲੀ ਕਰਕੇ ਵਾਇਰਸ ਦੀ ਮਿਊਟੇਸ਼ਨ ਦੀ ਟ੍ਰੈਕਿੰਗ ਹੋ ਸਕੇ ਅਤੇ ਅਗਲੀ ਆਲਮੀ ਮਹਾਂਮਾਰੀ ਨਾਲ ਨਜਿੱਠਣ ਲਈ ਸਰਗਰਮੀ ਨਾਲ ਕਾਰਵਾਈ ਵੀ ਕੀਤੀ ਜਾ ਸਕੇ|"

ਨਵੀਂ ਦਿੱਲੀ
1 ਅਪ੍ਰੈਲ, 2021

DISCLAIMER: This is an approximate translation. The original is available in English on MEA’s website and may be referred to as the official press release.